# ਦਫ਼ਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ

(ਫੁਟਕਲ ਸ਼ਾਖਾ)

ਹੁਕਮ ਨੰਬਰ 252 /ਫਸ

ਇਸ ਦਫਤਰ ਵੱਲੋਂ ਹੁਕਮ ਨੰਬਰ 212/ਫਸ ਮਿਤੀ 23-03-2020 ਜੋ ਪਿੱਠ ਅੰਕਣ ਨੰਬਰ 1587/ਫਸ ਮਿਤੀ 23-03-2020 ਰਾਹੀਂ ਜਾਰੀ ਹੋਏ ਹਨ ਮੁਤਾਬਕ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਕਰਫਿਊ ਦਾ ਹੁਕਮ ਜਾਰੀ ਕੀਤਾ ਗਿਆ ਹੈ। ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਰੋਜਾਨਾ ਕਮਾ ਕੇ ਖਾਣ ਵਾਲੇ, ਮਜ਼ਦੂਰ, ਅਪਾਹਿਜ ਜਾਂ ਵਡੇਰੀ ਉਮਰ ਤੇ ਵਿਅਕਤੀ ਅਜਿਹੇ ਵੀ ਹਨ ਜਿਨ੍ਹਾਂ ਨੂੰ ਖਾਣੇ ਲਈ ਭੋਜਨ ਮਿਲਣਾ ਵੀ ਔਖਾ ਹੋ ਗਿਆ ਹੋਵੇਗਾ। ਜਿਲ੍ਹਾ ਫਰੀਦਕੋਟ ਅੰਦਰ ਅਜਿਹੇ ਪਰਿਵਾਰਾਂ ਨੂੰ ਰਾਸ਼ਨ ਪਹੁੰਚਾਉਣ ਲਈ ਹੇਠ ਲਿਖੇ ਅਧਿਕਾਰੀਆਂ ਦੀ ਡਿਊਟੀ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਜ ਏਰੀਏ ਵਿੱਚ ਲਗਾਈ ਜਾਂਦੀ ਹੈ। ਇਹ ਅਧਿਕਾਰੀ ਜਦੋਂ ਵੀ ਕਿਸੇ ਲੋੜੀਂਦੇ ਵਿਅਕਤੀ ਪਾਸੋਂ ਮੰਗ ਪ੍ਰਾਪਤ ਹੁੰਦੀ ਹੈ ਤਾਂ ਤੁਰੰਤ ਉਸ ਦੀ ਵੈਰੀਫਿਕੇਸ਼ਨ ਆਪਣੇ ਸਾਧਨਾਂ ਰਾਹੀਂ ਕਰਵਾ ਕੇ ਸਬੰਧਤ ਵਿਅਕਤੀਆਂ ਨੂੰ ਤੁਰੰਤ ਰਾਸ਼ਨ ਪਹੁੰਚਾਉਣ ਦੇ ਜਿੰਮੇਵਾਰ ਹੋਣਗੇ। ਰਾਸ਼ਨ ਦੇਣ ਲਈ ਵਹੀਕਲ ਸਕੱਤਰ ਆਰ.ਟੀ.ਏ. ਫਰੀਦਕੋਟ ਵੱਲੋਂ ਮੁਹੱਈਆ ਕਰਵਾਏ ਜਾਣਗੇ ਅਤੇ ਰਾਸ਼ਨ ਸਕੱਤਰ, ਭਾਰਤੀ ਰੈੱਡ ਕਰਾਸ ਫਰੀਦਕੋਟ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ।

| ਲੜੀ ਨੰ: | ਅਧਿਕਾਰੀ ਦਾ ਨਾਮ | ਅਲੌਟਿਡ ਏਰੀਆ |
|---|---|---|
| 1. | ਸ੍ਰੀ ਅੰਮ੍ਰਿਤ ਲਾਲ, ਕਾਰਜ ਸਾਧਕ ਅਫਸਰ, ਨਗਰ ਕੌਂਸਲ ਫਰੀਦਕੋਟ (96460-60808) | ਫਰੀਦਕੋਟ ਸ਼ਹਿਰੀ ਏਰੀਆ |
| 2. | ਸ੍ਰੀ ਬਲਵਿੰਦਰ ਸਿੰਘ, ਕਾਰਜ ਸਾਧਕ ਅਫਸਰ, ਨਗਰ ਕੌਂਸਲ ਕੋਟਕਪੂਰਾ (86995-68680) | ਕੋਟਕਪੂਰਾ ਸ਼ਹਿਰੀ ਏਰੀਆ |
| 3. | ਸ੍ਰੀ ਵਿਵੇਕ ਕੁਮਾਰ ਜਿੰਦਲ, ਕਾਰਜ ਸਾਧਕ ਅਫਸਰ, ਨਗਰ ਕੌਂਸਲ, ਜੈਤੋ (96463-50085) | ਜੈਤੋ ਸ਼ਹਿਰੀ ਏਰੀਆ |
| 4. | ਸ੍ਰੀਮਤੀ ਬਲਜੀਤ ਕੌਰ, ਡੀ.ਡੀ.ਪੀ.ਓ. ਫਰੀਦਕੋਟ (88475-55312) | ਬਲਾਕ ਫਰੀਦਕੋਟ ਦਾ ਦਿਹਾਤੀ ਏਰੀਆ |
| 5. | ਸ੍ਰੀ ਹਰਮੇਲ ਸਿੰਘ, ਬੀ.ਡੀ.ਪੀ.ਓ. ਕੋਟਕਪੂਰਾ (94175-16107) | ਬਲਾਕ ਕੋਟਕਪੂਰ ਦਾ ਦਿਹਾਤੀ ਏਰੀਆ |
| 6. | ਸ੍ਰੀਮਤੀ ਨੀਰੂ ਗਰਗ, ਬੀ.ਡੀ.ਪੀ.ਓ. ਜੈਤੋ (98786-00439) | ਬਲਾਕ ਜੈਤੋ ਦਾ ਦਿਹਾਤੀ ਏਰੀਆ |

ਇਹ ਅਧਿਕਾਰੀ ਪ੍ਰਾਰਥੀ ਦੇ ਹਾਲਾਤਾਂ ਮੁਤਾਬਕ ਹਾਂ-ਪੱਖੀ ਰਵੱਈਆ ਅਪਨਾਉਂਦੇ ਹੋਏ ਆਪਣੀ ਸਿਫਾਰਸ਼ ਸਕੱਤਰ, ਰੈੱਡ ਕਰਾਸ ਭੇਜਣਗੇ।

ਜਿਲ੍ਹਾ ਮੈਜਿਸਟਰੇਟ, ਫਰੀਦਕੋਟ

(ਕੁਮਾਰ ਸੌਰਭ ਰਾਜ)
ਆਈ.ਏ.ਐਸ.
ਜਿਲ੍ਹਾ ਮੈਜਿਸਟਰੇਟ,
ਫਰੀਦਕੋਟ

ਮਿਤੀ 25-03-2020

Scanned by CamScanner

ਪਿ:ਅੰ:ਨੰ:/668/ਫਸ. ਫਕ.2    ਮਿਤੀ 25-03-2020

ਇਸਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਜਾਣਕਾਰੀ ਅਤੇ ਤੁਰੰਤ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਕਮਿਸ਼ਨਰ ਫਰੀਦਕੋਟ ਮੰਡਲ ਫਰੀਦਕੋਟ।
2. ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ।
3. ਐਡੀਸ਼ਨਲ ਡਿਪਟੀ ਕਮਿਸ਼ਨਰ (ਜਨ/ਵਿਕਾਸ) ਫਰੀਦਕੋਟ।
4. ਉਪ ਮੰਡਲ ਮੈਜਿਸਟਰੇਟ ਫਰੀਦਕੋਟ / ਕੋਟਕਪੂਰਾ / ਜੈਤੋ।
5. ਸਕੱਤਰ, ਆਰ.ਟੀ.ਏ. ਫਰੀਦਕੋਟ
6. ਡੀ.ਡੀ.ਪੀ.ਓ. ਫਰੀਦਕੋਟ
7. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ / ਕੋਟਕਪੂਰਾ / ਜੈਤੋ।
8. ਕਾਰਜ ਸਾਧਕ ਅਫਸਰ, ਨਗਰ ਕੌਂਸਲ ਫਰੀਦਕੋਟ ਕੋਟਕਪੂਰਾ ਅਤੇ ਜੈਤੋ
9. ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਜਿਲ੍ਹਾ ਮੈਜਿਸਟਰੇਟ, ਫਰੀਦਕੋਟ। ਜਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned by CamScanner